**ਸੈਕੰਡਰੀ ਸਕੂਲਾਂ ਵਿਚ:**

- ਦੋ ਦਿਨਾਂ ਬਾਅਦ ਵਾਰੀ ਆਉਣਾ ਆਮ ਗੱਲ ਹੈ (ਹਰ ਰੋਜ਼ 4 ਕੋਰਸ)।
- ਲੈਟਰ ਗਰੇਡ ਦਿੱਤੇ ਜਾਂਦੇ ਹਨ ਅਤੇ ਜੇ ਵਿਦਿਆਰਥੀ ਕਿਸੇ ਵਿਸ਼ੇ ਵਿੱਚੋਂ ਫੇਲ੍ਹ ਹੋ ਜਾਣ ਤਾਂ ਉਹ ਅਜੇ ਵੀ ਉਨ੍ਹਾਂ ਵਿਸ਼ਿਆਂ ਵਿਚ ਅਗਲੇ ਗਰੇਡ `ਤੇ ਚਲੇ ਜਾਂਦੇ ਹਨ ਜਿਨ੍ਹਾਂ ਵਿਚ ਉਹ ਪਾਸ ਹੋਏ ਹੁੰਦੇ ਹਨ।
- ਗਰੈਜੂਏਟ ਹੋਣ ਲਈ ਕੁਝ ਕੋਰਸ ਪਾਸ ਕੀਤੇ ਜਾਣੇ ਜ਼ਰੂਰੀ ਹਨ। ਜ਼ਿਆਦਾ ਜਾਣਕਾਰੀ ਲਈ, ਕਿਰਪਾ ਕਰਕੇ **ਬੀ ਸੀ ਵਿਚ ਗਰੈਜੂਏਸ਼ਨ ਦੀਆਂ ਸ਼ਰਤਾਂ** ਨਾਂ ਦਾ ਬਰੋਸ਼ਰ ਦੇਖੋ।
- ਗਰੈਜੂਏਸ਼ਨ ਲਈ ਕੁਝ ਕੋਰਸਾਂ ਵਿਚ ਸੂਬਾਈ ਟੈੱਸਟ ਦੇਣ ਦੀ ਲੋੜ ਹੈ।

*ਪਾਠਕ੍ਰਮ ਦੇ ਹਰ ਪੱਖ ਲਈ ਪੜ੍ਹਾਈ ਦੇ ਮਿਆਰ ਹਨ ਜਿਹੜੇ ਵਿਦਿਆ ਮਹਿਕਮੇ ਵਲੋਂ ਤਹਿ ਕੀਤੇ ਗਏ ਹੁੰਦੇ ਹਨ। ਮੁੱਖ ਸਿਧਾਂਤਾਂ ਵਿਚ ਸ਼ਾਮਲ ਹਨ:*

- *ਪੜ੍ਹਾਈ ਵਿਚ ਵਿਦਿਆਰਥੀ ਦੀ ਸਰਗਰਮ ਸ਼ਮੂਲੀਅਤ ਸ਼ਾਮਲ ਹੈ।*
- *ਪੜ੍ਹਾਈ ਵੱਖ ਵੱਖ ਤਰੀਕਿਆਂ ਅਤੇ ਵੱਖ ਵੱਖ ਰਫਤਾਰ ਨਾਲ ਹੁੰਦੀ ਹੈ।*
- *ਪੜ੍ਹਾਈ ਨਿੱਜੀ ਅਤੇ ਗਰੁੱਪ ਵਿਚ ਕੰਮ ਕਰਨਾ ਦੋਨੋਂ ਹੈ।*

VSB

## “The Mandate of the British Columbia School System”

[Punjabi]

ਇਹ ਬਰੋਸ਼ਰ ਵੀ ਐੱਸ ਬੀ (VSB) ਸਵਿਸ ਪ੍ਰੋਗਰਾਮ ਵਲੋਂ ਸਪੌਂਸਰ ਕੀਤੇ ਗਏ ਅਤੇ ਅੰਗਰੇਜ਼ੀ (ESL/ELL) ਦੇ ਅਧਿਆਪਕਾਂ ਦੇ ਇਕ ਗਰੁੱਪ ਅਤੇ ਮਲਟੀਕਲਚਰਲ ਲੀਏਜੋਨ  ਵਰਕਰਾਂ (MCLW) ਦੀ ਟੀਮ ਵਲੋਂ ਸਾਂਝੇ ਤੌਰ ਤੇ ਤਿਆਰ ਕੀਤੇ ਗਏ ਬਰੋਸ਼ਰਾਂ ਦੀ ਲੜੀ ਵਿੱਚੋਂ ਇਕ ਹੈ।

Canada
British Columbia The Best Place on Earth | WelcomeBC

# ਬ੍ਰਿਟਿਸ਼ ਕੋਲੰਬੀਆ ਦੇ ਸਕੂਲ ਸਿਸਟਮ ਦਾ ਆਦੇਸ਼



*ਬੀ ਸੀ ਸਕੂਲ ਸਿਸਟਮ ਦਾ ਮੰਤਵ ਸਿਖਾਂਦਰੂਆਂ ਨੂੰ ਆਪਣੀਆਂ ਨਿੱਜੀ ਸੰਭਾਵਨਾਵਾਂ ਵਿਕਸਤ ਕਰਨ ਅਤੇ ਉਹ ਗਿਆਨ, ਹੁਨਰ ਅਤੇ ਵਤੀਰੇ ਹਾਸਲ ਕਰਨ ਦੇ ਯੋਗ ਬਣਾਉਣਾ ਹੈ ਜਿਨ੍ਹਾਂ ਦੀ ਸਿਹਤਮੰਦ ਸਮਾਜ ਅਤੇ ਖ਼ੁਸ਼ਹਾਲ ਅਤੇ ਕਾਇਮ ਰਹਿਣ ਯੋਗ ਆਰਥਿਕਤਾ ਵਿਚ ਯੋਗਦਾਨ ਪਾਉਣ ਲਈ ਲੋੜ ਹੈ।*

*ਸਕੂਲ ਐਕਟ, ਸੈਕਸ਼ਨ 169 (3)*

## ਬੀ ਸੀ ਦਾ ਸਕੂਲ ਸਿਸਟਮ ਅੱਗੇ ਲਿਖੀਆਂ ਕਦਰਾਂ-ਕੀਮਤਾਂ ਅਤੇ ਵਿਚਾਰਾਂ `ਤੇ ਆਧਾਰਿਤ ਹੈ।

- ਪੜ੍ਹਾਈ ਵੱਖ ਵੱਖ ਤਰੀਕਿਆਂ ਅਤੇ ਵੱਖ ਵੱਖ ਰਫਤਾਰ ਨਾਲ ਹੁੰਦੀ ਹੈ।
- ਪੜ੍ਹਾਈ ਨਿੱਜੀ ਅਤੇ ਸਮਾਜਿਕ ਕਾਰਜ ਦੋਨੋਂ ਹੈ।
- ਹਰ ਕੋਈ ਸਿੱਖ ਸਕਦਾ ਹੈ - ਰਲ ਕੇ ਸਿੱਖ ਸਕਦਾ ਹੈ।
- ਖੇਡਣਾ ਸਿੱਖਣ ਦਾ ਇਕ ਮਹੱਤਵਪੂਰਨ ਤਰੀਕਾ ਹੈ।
- ਗਰੁੱਪ ਵਿਚ ਕੰਮ ਕਰਨਾ ਸਕੂਲ ਦੇ ਕੰਮ ਦਾ ਇਕ ਲਾਜ਼ਮੀ ਹਿੱਸਾ ਹੈ।
- ਸਿਖਾਂਦਰੂਆਂ ਨੂੰ ਘਰ ਕਰਨ ਲਈ ਜਿੰਨਾ ਕੰਮ ਦਿੱਤਾ ਜਾਂਦਾ ਹੈ, ਉਹ ਉਨ੍ਹਾਂ ਦੀ ਉਮਰ `ਤੇ ਨਿਰਭਰ ਕਰਦਾ ਹੈ।
- ਜ਼ਬਾਨ ਦਾ ਬੋਲਚਾਲੀ ਵਿਕਾਸ ਸਿੱਖਣ ਦਾ ਇਕ ਮਹੱਤਵਪੂਰਨ ਹਿੱਸਾ ਹੈ।
- ਐਲੀਮੈਂਟਰੀ ਸਕੂਲ ਦੇ ਵਿਦਿਆਰਥੀ ਆਮ ਤੌਰ `ਤੇ ਉਨ੍ਹਾਂ ਬੱਚਿਆਂ ਨਾਲ ਪੜ੍ਹਦੇ ਹਨ ਜਿਹੜੇ ਉਨ੍ਹਾਂ ਦੀ ਉਮਰ ਦੇ ਹੁੰਦੇ ਹਨ।
- ਇਹ ਸਿੱਖਣਾ ਕਿ ਪੜ੍ਹਾਈ ਕਿਵੇਂ ਕਰਨੀ ਹੈ ਅਤੇ ਜਾਣਕਾਰੀ ਤੱਕ ਪਹੁੰਚ ਕਿਵੇਂ ਕਰਨੀ ਹੈ, ਜ਼ਰੂਰੀ ਹੁਨਰ ਸਮਝੇ ਜਾਂਦੇ ਹਨ।
- ਲੈਟਰ (ਅੱਖਰਾਂ ਨਾਲ) ਗਰੇਡ, ਟੈੱਸਟਾਂ ਦੇ ਨਤੀਜਿਆਂ ਨਾਲੋਂ ਕਿਤੇ ਜ਼ਿਆਦਾ ਚੀਜ਼ਾਂ `ਤੇ ਆਧਾਰਿਤ ਹੁੰਦੇ ਹਨ। ਜ਼ਿਆਦਾ ਜਾਣਕਾਰੀ ਲਈ **ਲੈਟਰ ਗਰੇਡਜ਼** ਨਾਂ ਦਾ ਬਰੋਸ਼ਰ ਦੇਖੋ।

## ਵੱਖ ਵੱਖ ਉਮਰ ਗਰੁੱਪਾਂ ਲਈ ਜਾਣਨ ਵਾਲੀਆਂ ਕੁਝ ਮਹੱਤਵਪੂਰਨ ਚੀਜ਼ਾਂ

### ਕਿੰਡਰਗਾਰਟਨ ਵਿਚ:

- ਲੈਟਰ ਗਰੇਡਜ਼ ਨਹੀਂ ਦਿੱਤੇ ਜਾਂਦੇ;
- ਸਿੱਖਿਆ ਖੇਡ ਆਧਾਰਿਤ ਹੁੰਦੀ ਹੈ; ਅਤੇ
- ਧਿਆਨ ਸਮਾਜਿਕ ਹੁਨਰ ਅਤੇ ਮੁਢਲੇ ਸੰਕਲਪ ਵਿਕਸਤ ਕਰਨ `ਤੇ ਹੁੰਦਾ ਹੈ।

### ਗਰੇਡ 1 ਤੋਂ 3 ਵਿਚ:

- ਲੈਟਰ ਗਰੇਡਜ਼ ਨਹੀਂ ਦਿੱਤੇ ਜਾਂਦੇ;
- ਸਿੱਖਿਆ ਵਿਸ਼ੇ `ਤੇ ਆਧਾਰਿਤ ਹੁੰਦੀ ਹੈ;
- ਅੱਖਰ ਗਿਆਨ ਦੇ ਹੁਨਰ ਬਹੁਤ ਸਾਰੀਆਂ ਕਿਤਾਬਾਂ ਦੀ ਵਰਤੋਂ ਨਾਲ ਵਿਕਸਤ ਕੀਤੇ ਜਾਂਦੇ ਹਨ ਨਾ ਕਿ ਖ਼ਾਸ ਪਾਠ-ਪੁਸਤਕਾਂ ਨਾਲ;
- ਧਿਆਨ ਬੋਲਚਾਲੀ ਜ਼ਬਾਨ, ਸ਼ਬਦ-ਭੰਡਾਰ ਵਧਾਉਣ ਅਤੇ ਪੜ੍ਹਣ ਅਤੇ ਲਿਖਣ ਦੇ ਹੁਨਰ ਵਿਕਸਤ ਕਰਨ `ਤੇ ਹੁੰਦਾ ਹੈ;
- ਸਾਰੇ ਵਿਸ਼ਿਆਂ ਲਈ ਆਮ ਤੌਰ `ਤੇ ਇਕ ਟੀਚਰ ਹੁੰਦਾ ਹੈ; ਅਤੇ
- ਵਿਕਾਸ ਪੰਜ ਖੇਤਰਾਂ `ਤੇ ਕੇਂਦਰਿਤ ਹੁੰਦਾ ਹੈ: ਦਿਮਾਗੀ, ਸਰੀਰਕ, ਸਮਾਜਿਕ, ਕਲਾਤਮਿਕ, ਅਤੇ ਜਜ਼ਬਾਤੀ।

### ਗਰੇਡ 4 ਤੋਂ 7 ਵਿਚ:

- ਆਮ ਤੌਰ `ਤੇ ਲੈਟਰ ਗਰੇਡਜ਼ ਦਿੱਤੇ ਜਾਂਦੇ ਹਨ;
- ਅਕਸਰ ਇਕ ਨਾਲੋਂ ਜ਼ਿਆਦਾ ਟੀਚਰ ਹੁੰਦੇ ਹਨ;
- ਵਿਦਿਆਰਥੀ ਪਾਠ-ਪੁਸਤਕਾਂ ਵਰਤਣਾ ਸ਼ੁਰੂ ਕਰਦੇ ਹਨ, ਪਰ ਇਹ ਜਾਣਕਾਰੀ ਦਾ ਇਕੱਲਾ ਸ੍ਰੋਤ ਨਹੀਂ ਹੁੰਦੀਆਂ;
- ਪੜ੍ਹਣ ਅਤੇ ਲਿਖਣ ਦੇ ਹੁਨਰਾਂ ਵੱਲ ਜ਼ਿਆਦਾ ਧਿਆਨ ਦਿੱਤਾ ਜਾਂਦਾ ਹੈ;
- ਬੋਲਚਾਲੀ ਜ਼ਬਾਨ ਅਤੇ ਗਰੁੱਪ ਵਿਚ ਕੰਮ ਅਜੇ ਵੀ ਬਹੁਤ ਮਹੱਤਵਪੂਰਨ ਹੁੰਦਾ ਹੈ; ਅਤੇ
- ਵਿਦਿਆਰਥੀਆਂ ਤੋਂ ਆਪਣੀ ਪੜ੍ਹਾਈ ਅਤੇ ਵਿਹਾਰ ਲਈ ਜ਼ਿਆਦਾ ਜ਼ਿੰਮੇਵਾਰੀ ਦੀ ਉਮੀਦ ਕੀਤੀ ਜਾਂਦੀ ਹੈ।

### ਗਰੇਡ 8 ਤੋਂ 12 ਵਿਚ:

- ਵਿਦਿਆਰਥੀਆਂ ਕੋਲ 8 ਵਿਸ਼ੇ ਅਤੇ 8 ਟੀਚਰ ਹੋ ਸਕਦੇ ਹਨ; ਅਤੇ
- ਸਵੈ-ਕਾਬਲੀਅਤ ਅਤੇ ਜ਼ਿੰਮੇਵਾਰੀ ਲਈ ਜ਼ਿਆਦਾ ਉਮੀਦ ਕੀਤੀ ਜਾਂਦੀ ਹੈ।